**ਮਾਰੂ ਮਹਲਾ ੫ ॥ ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ ॥ ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ ॥ ੧॥ ਮਨ ਮੇਰੇ ਰਾਮ ਰਉ ਨਿਤ ਨੀਤਿ ॥ ਦਇਆਲ ਦੇਵ ਕ੍ਰਿਪਾਲ ਗੋਬਿੰਦ ਸੁਨਿ ਸੰਤਨਾ ਕੀ ਰੀਤਿ ॥ ੧॥ ਰਹਾਉ ॥ ਚਰਣ ਤਲੈ ਉਗਾਹਿ ਬੈਸਿਓ ਸ੍ਰਮੁ ਨ ਰਹਿਓ ਸਰੀਰਿ ॥ ਮਹਾ ਸਾਗਰੁ ਨਹ ਵਿਆਪੈ ਖਿਨਹਿ ਉਤਰਿਓ ਤੀਰਿ ॥੨॥ ਚੰਦਨ ਅਗਰ ਕਪੂਰ ਲੇਪਨ ਤਿਸੁ ਸੰਗੇ ਨਹੀ ਪ੍ਰੀਤਿ ॥ ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ ਮਨਿ ਨ ਮਨੀ ਬਿਪਰੀਤਿ ॥੩॥ ਊਚ ਨੀਚ ਬਿਕਾਰ ਸੁਕ੍ਰਿਤ ਸੰਲਗਨ ਸਭ ਸੁਖ ਛਤ੍ਰ ॥ ਮਿਤ੍ਰ ਸਤ੍ਰੁ ਨ ਕਛੂ ਜਾਨੈ ਸਰਬ ਜੀਅ ਸਮਤ॥੪॥** {ਪੰਨਾ 1017-1018}

ਪਦਅਰਥ:- ਸਸਤ੍ਰਿ—ਸ਼ਸਤ੍ਰ ਨਾਲ। ਤੀਖਣ ਸਸਤ੍ਰਿ—ਤੇਜ਼ ਸ਼ਸਤ੍ਰ ਨਾਲ। ਕਾਟਿ—ਕੱਟ ਕੇ। ਕਾਟਿ ਡਾਰਿਓ—ਕੱਟ ਸੁੱਟਿਆ। ਮਨਿ—ਮਨ ਵਿਚ। ਰੋਸੁ—ਗੁੱਸਾ। ਉਆ ਕੋ—ਉਸ (ਮਨੁੱਖ) ਦਾ। ਤਿਲੁ—ਰਤਾ ਭਰ ਭੀ। ਦੋਸੁ—ਗਿਲਾ।1।

ਮਨ—ਹੇ ਮਨ! ਰਉ—ਰਮ, ਸਿਮਰ। ਨਿਤ ਨੀਤਿ—ਸਦਾ ਹੀ, ਨਿੱਤ ਨਿੱਤ। ਸੁਨਿ—(ਹੇ ਮਨ!) ਸੁਣ। ਰੀਤਿ—ਜੀਵਨ-ਮਰਯਾਦਾ।1। ਰਹਾਉ।

ਚਰਣ ਤਲੈ—ਪੈਰਾਂ ਹੇਠ। ਉਗਾਹਿ—ਨੱਪ ਕੇ। ਬੈਸਿਓ—ਬਹਿ ਗਿਆ। ਸ੍ਰਮੁ—ਥਕੇਵਾਂ। ਸਰੀਰਿ—ਸਰੀਰ ਵਿਚ। ਸਾਗਰੁ—ਸਮੁੰਦਰ। ਨਹ ਵਿਆਪੈ—ਆਪਣਾ ਦਬਾਅ ਨਹੀਂ ਪਾ ਸਕਦਾ। ਖਿਨਹਿ—ਇਕ ਖਿਨ ਵਿਚ ਹੀ। ਤੀਰਿ—(ਪਾਰਲੇ) ਕੰਢੇ ਤੇ।2।

ਅਗਰ—ਊਦ ਦੀ ਲੱਕੜੀ। ਸੰਗੇ—ਨਾਲ। ਖੋਦਿ—ਪੁੱਟ ਕੇ। ਤਿਲੁ ਤਿਲੁ—ਰਤਾ ਰਤਾ। ਮਨਿ—ਮਨ ਵਿਚ। ਮਨੀ—ਮੰਨੀ। ਬਿਪਰੀਤਿ—ਉਲਟੀ ਗੱਲ, ਵਿਰੋਧਤਾ।3।

ਸੁਕ੍ਰਿਤ—ਭਲਾਈ। ਸੰਲਗਨ—ਇੱਕੋ ਜਿਹਾ ਲੱਗਾ ਹੋਇਆ। ਸੁਖ ਛਤ੍ਰ—ਸੁਖਾਂ ਦਾ ਛੱਤ੍ਰ। ਸਤ੍ਰੁ—ਵੈਰੀ। ਨ ਜਾਨੈ—ਨਹੀਂ ਜਾਣਦਾ {ਇਕ-ਵਚਨ}। ਸਮਤ—ਇਕ-ਸਮਾਨ। ਸਰਬ ਜੀਅ—ਸਾਰੇ ਜੀਆਂ ਨੂੰ।4।

ਅਰਥ:- ਹੇ ਮੇਰੇ ਮਨ! ਦਇਆਲ, ਪ੍ਰਕਾਸ਼-ਰੂਪ, ਕਿਰਪਾਲ ਗੋਬਿੰਦ ਦੇ (ਸੰਤ ਜਨਾਂ ਦੀ ਸੰਗਤਿ ਵਿਚ ਰਹਿ ਕੇ) ਸਦਾ ਹੀ ਪਰਮਾਤਮਾ ਦਾ ਸਿਮਰਨ ਕਰਦਾ ਰਹੁ (ਉਹ ਸੰਤ ਜਨ ਕਿਹੋ ਜਿਹੇ ਹੁੰਦੇ ਹਨ? ਉਹਨਾਂ) ਸੰਤ ਜਨਾਂ ਦੀ ਜੀਵਨ-ਮਰਯਾਦਾ ਸੁਣ।1। ਰਹਾਉ।

(ਹੇ ਮੇਰੇ ਮਨ! ਜਿਸ ਮਨੁੱਖ ਨੇ ਰੁੱਖ ਨੂੰ ਕਿਸੇ) ਤੇਜ਼ ਹਥਿਆਰ ਨਾਲ ਕੱਟ ਸੁੱਟਿਆ (ਰੁੱਖ ਨੇ ਆਪਣੇ) ਮਨ ਵਿਚ (ਉਸ ਉੱਤੇ) ਗੁੱਸਾ ਨਾਹ ਕੀਤਾ, (ਸਗੋਂ ਰੁੱਖ ਨੇ) ਉਸ ਦਾ ਕੰਮ ਸਵਾਰ ਦਿੱਤਾ, ਤੇ, (ਉਸ ਨੂੰ) ਰਤਾ ਭਰ ਭੀ ਕੋਈ ਦੋਸ਼ ਨਾਹ ਦਿੱਤਾ।1।

(ਹੇ ਮੇਰੇ ਮਨ! ਜਿਹੜਾ ਮਨੁੱਖ ਬੇੜੀ ਨੂੰ) ਪੈਰਾਂ ਹੇਠ ਨੱਪ ਕੇ (ਉਸ ਵਿਚ) ਬਹਿ ਗਿਆ, (ਉਸ ਮਨੁੱਖ ਦੇ) ਸਰੀਰ ਵਿਚ (ਪੈਂਡੇ ਦਾ) ਥਕੇਵਾਂ ਨਾਹ ਰਿਹਾ, ਭਿਆਨਕ ਸਮੁੰਦਰ (ਦਰੀਆ ਭੀ) ਉਸ ਉੱਤੇ ਆਪਣਾ ਅਸਰ ਨਹੀਂ ਪਾ ਸਕਦਾ, (ਬੇੜੀ ਵਿਚ ਬੈਠ ਕੇ ਉਹ) ਇਕ ਖਿਨ ਵਿਚ ਹੀ (ਉਸ ਦਰੀਆ ਤੋਂ) ਪਾਰਲੇ ਕੰਢੇ ਜਾ ਉਤਰਿਆ।2।

(ਹੇ ਮੇਰੇ ਮਨ! ਜਿਹੜਾ ਮਨੁੱਖ ਧਰਤੀ ਉੱਤੇ) ਚੰਦਨ ਅਗਰ ਕਪੂਰ ਨਾਲ ਲੇਪਨ (ਕਰਦਾ ਹੈ, ਧਰਤੀ) ਉਸ (ਮਨੁੱਖ) ਨਾਲ (ਕੋਈ ਖ਼ਾਸ) ਪਿਆਰ ਨਹੀਂ ਕਰਦੀ; ਤੇ (ਜਿਹੜਾ ਮਨੁੱਖ ਧਰਤੀ ਉੱਤੇ) ਗੂੰਹ ਮੂਤਰ (ਸੁੱਟਦਾ ਹੈ, ਧਰਤੀ ਨੂੰ) ਪੁੱਟ ਕੇ ਰਤਾ ਰਤਾ (ਕਰਦਾ ਹੈ, ਉਸ ਮਨੁੱਖ ਦੇ ਵਿਰੁੱਧ ਆਪਣੇ) ਮਨ ਵਿਚ (ਧਰਤੀ) ਬੁਰਾ ਨਹੀਂ ਮਨਾਂਦੀ।3।

(ਹੇ ਮੇਰੇ ਮਨ!) ਕੋਈ ਉੱਚਾ ਹੋਵੇ ਨੀਵਾਂ ਹੋਵੇ, ਕੋਈ ਬੁਰਾਈ ਕਰੇ ਕੋਈ ਭਲਾਈ ਕਰੇ (ਆਕਾਸ਼ ਸਭਨਾਂ ਨਾਲ) ਇਕੋ ਜਿਹਾ ਲੱਗਾ ਰਹਿੰਦਾ ਹੈ, ਸਭਨਾਂ ਵਾਸਤੇ ਸੁਖਾਂ ਦਾ ਛਤਰ (ਬਣਿਆ ਰਹਿੰਦਾ) ਹੈ। (ਆਕਾਸ਼) ਨਾਹ ਕਿਸੇ ਨੂੰ ਮਿੱਤਰ ਸਮਝਦਾ ਹੈ ਨਾਹ ਕਿਸੇ ਨੂੰ ਵੈਰੀ, (ਆਕਾਸ਼) ਸਾਰੇ ਜੀਵਾਂ ਵਾਸਤੇ ਇੱਕ-ਸਮਾਨ ਹੈ।4।

**ਕਰਿ ਪ੍ਰਗਾਸੁ ਪ੍ਰਚੰਡ ਪ੍ਰਗਟਿਓ ਅੰਧਕਾਰ ਬਿਨਾਸ ॥ ਪਵਿ ਤ੍ਰ ਅਪਵਿਤ੍ਰਹ ਕਿਰਣ ਲਾਗੇ ਮਨਿ ਨ ਭਇਓ ਬਿਖਾਦੁ ॥੫॥ ਸੀਤ ਮੰਦ ਸੁਗੰਧ ਚਲਿਓ ਸਰਬ ਥਾਨ ਸਮਾਨ ॥ ਜਹਾ ਸਾ ਕਿਛੁ ਤਹਾ ਲਾਗਿਓ ਤਿਲੁ ਨ ਸੰਕਾ ਮਾਨ ॥੬॥ ਸੁਭਾਇ ਅਭਾਇ ਜੁ ਨਿਕਟਿ ਆਵੈ ਸੀਤੁ ਤਾ ਕਾ ਜਾਇ ॥ ਆਪ ਪਰ ਕਾ ਕਛੁ ਨ ਜਾਣੈ ਸਦਾ ਸਹਜਿ ਸੁਭਾਇ ॥੭॥ ਚਰਣ ਸਰਣ ਸਨਾਥ ਇਹੁ ਮਨੁ ਰੰਗਿ ਰਾਤੇ ਲਾਲ ॥ ਗੋਪਾਲ ਗੁਣ ਨਿਤ ਗਾਉ ਨਾਨਕ ਭਏ ਪ੍ਰਭ ਕਿਰਪਾਲ ॥੮॥੩॥** {ਪੰਨਾ 1018}

ਪਦਅਰਥ:- ਕਰਿ—ਕਰ ਕੇ। ਪ੍ਰਗਾਸੁ—ਪਰਕਾਸ਼, ਚਾਨਣ। ਪ੍ਰਚੰਡ—ਤੇਜ਼। ਅੰਧਕਾਰ ਬਿਨਾਸ—ਹਨੇਰੇ ਦਾ ਨਾਸ। ਮਨਿ—(ਸੂਰਜ ਦੇ) ਮਨ ਵਿਚ। ਬਿਖਾਦੁ—ਦੁੱਖ।5।

ਸੀਤ—ਠੰਢੀ। ਮੰਦ—ਹੌਲੀ ਹੌਲੀ। ਸਮਾਨ—ਇਕੋ ਜਿਹੀ। ਸਰਬ ਥਾਨ—ਸਭਨੀਂ ਥਾਈਂ। ਜਹਾ—ਜਿੱਥੇ ਭੀ। ਸਾ—ਸੀ। ਕਿਛੁ—ਕੋਈ (ਚੰਗੀ ਮੰਦੀ) ਚੀਜ਼। ਤਿਲੁ—ਰਤਾ ਭੀ। ਸੰਕਾ—ਸ਼ੰਕਾ, ਝਿਜਕ। ਨ ਮਾਨ—ਨਹੀਂ ਮੰਨਿਆ।6।

ਸੁਭਾਇ—ਚੰਗੀ ਭਾਵਨਾ ਨਾਲ। ਅਭਾਇ—ਭੈੜੀ ਭਾਵਨਾ ਨਾਲ। ਜੁ—ਜਿਹੜਾ ਕੋਈ। ਨਿਕਟਿ—ਨੇੜੇ। ਸੀਤੁ—ਪਾਲਾ। ਆਪ ਕਾ—ਆਪਣਾ। ਪਰ ਕਾ—ਪਰਾਇਆ। ਸਹਜਿ—ਅਡੋਲਤਾ ਵਿਚ। ਸੁਭਾਇ—ਚੰਗੇ ਭਾਵ ਵਿਚ।7।

ਸਨਾਥ—ਨਾਥ ਵਾਲੇ, ਖਸਮ ਵਾਲੇ। ਰੰਗਿ—ਪਿਆਰ ਵਿਚ। ਰਾਤੇ—ਰੰਗੇ ਹੋਏ। ਲਾਲ ਰੰਗਿ—ਸੋਹਣੇ ਪ੍ਰਭੂ ਦੇ ਪ੍ਰੇਮ-ਰੰਗ ਵਿਚ। ਗਾਉ—(ਹੇ ਮੇਰੇ ਮਨ!) ਗਾਇਆ ਕਰ। ਨਾਨਕ—ਹੇ ਨਾਨਕ! ਕਿਰਪਾਲ—ਦਇਆਵਾਨ।8।

ਅਰਥ:- (ਹੇ ਮੇਰੇ ਮਨ! ਸੂਰਜ) ਤੇਜ਼ ਰੌਸ਼ਨੀ ਕਰ ਕੇ (ਆਕਾਸ਼ ਵਿਚ) ਪਰਗਟ ਹੁੰਦਾ ਹੈ ਅਤੇ ਹਨੇਰੇ ਦਾ ਨਾਸ ਕਰਦਾ ਹੈ। ਚੰਗੇ ਮੰਦੇ ਸਭ ਜੀਵਾਂ ਨੂੰ ਉਸ ਦੀਆਂ ਕਿਰਣਾਂ ਲੱਗਦੀਆਂ ਹਨ, (ਸੂਰਜ ਦੇ) ਮਨ ਵਿਚ (ਇਸ ਗੱਲੋਂ) ਦੁੱਖ ਨਹੀਂ ਹੁੰਦਾ।5।

ਹੇ ਮੇਰੇ ਮਨ! ਠੰਢੀ (ਹਵਾ) ਸੁਗੰਧੀ-ਭਰੀ (ਹਵਾ) ਮੱਠੀ ਮੱਠੀ ਸਭਨਾਂ ਥਾਂਵਾਂ ਵਿਚ ਇਕੋ ਜਿਹੀ ਚੱਲਦੀ ਹੈ; ਜਿੱਥੇ ਭੀ ਕੋਈ ਚੀਜ਼ ਹੋਵੇ (ਚੰਗੀ ਹੋਵੇ ਚਾਹੇ ਮੰਦੀ) ਉੱਥੇ ਹੀ (ਸਭ ਨੂੰ) ਲੱਗਦੀ ਹੈ, ਰਤਾ ਭੀ ਝਿਜਕ ਨਹੀਂ ਕਰਦੀ।6।

(ਹੇ ਮੇਰੇ ਮਨ!) ਜਿਹੜਾ ਭੀ ਮਨੁੱਖ ਚੰਗੀ ਭਾਵਨਾ ਨਾਲ ਜਾਂ ਮੰਦੀ ਭਾਵਨਾ ਨਾਲ (ਅੱਗ ਦੇ) ਨੇੜੇ ਆਉਂਦਾ ਹੈ, ਉਸ ਦਾ ਪਾਲਾ ਦੂਰ ਹੋ ਜਾਂਦਾ ਹੈ। (ਅੱਗ) ਇਹ ਗੱਲ ਬਿਲਕੁਲ ਨਹੀਂ ਜਾਣਦੀ ਕਿ ਇਹ ਆਪਣਾ ਹੈ ਇਹ ਪਰਾਇਆ ਹੈ, (ਅੱਗ) ਅਡੋਲਤਾ ਵਿਚ ਰਹਿੰਦੀ ਹੈ ਆਪਣੇ ਸੁਭਾਵ ਵਿਚ ਰਹਿੰਦੀ ਹੈ।7।

(ਹੇ ਮੇਰੇ ਮਨ! ਇਸੇ ਤਰ੍ਹਾਂ ਪਰਮਾਤਮਾ ਦੇ ਸੰਤ ਜਨ) ਪਰਮਾਤਮਾ ਦੇ ਚਰਨਾਂ ਦੀ ਸਰਨ ਵਿਚ ਰਹਿ ਕੇ ਖਸਮ ਵਾਲੇ ਬਣ ਜਾਂਦੇ ਹਨ, ਉਹ ਸੋਹਣੇ ਪ੍ਰਭੂ ਵਿਚ ਰੱਤੇ ਰਹਿੰਦੇ ਹਨ, ਉਹਨਾਂ ਦਾ ਇਹ ਮਨ ਪ੍ਰਭੂ ਦੇ ਪ੍ਰੇਮ-ਰੰਗ ਵਿਚ (ਰੰਗਿਆ ਰਹਿੰਦਾ ਹੈ)। (ਹੇ ਮੇਰੇ ਮਨ! ਤੂੰ ਭੀ) ਗੋਪਾਲ ਪ੍ਰਭੂ ਦੇ ਗੁਣ ਗਾਂਦਾ ਰਿਹਾ ਕਰ। ਹੇ ਨਾਨਕ! (ਜਿਹੜੇ ਗੁਣ ਗਾਂਦੇ ਹਨ, ਉਹਨਾਂ ਉੱਤੇ) ਪ੍ਰਭੂ ਜੀ ਦਇਆਵਾਨ ਹੋ ਜਾਂਦੇ ਹਨ।8।3।